ਸਾਲ 2024 ਲਈ ਗਲਿਆਰਾ ਪ੍ਰੋਜੈਕਟ,ਅੰਮ੍ਰਿਤਸਰ ਵਿੱਚ 10 ਛੋਟੀਆਂ ਠੇਕੇ ਦੀ ਨਿਲਾਮੀ ਸਬੰਧੀ ਸ਼ਰਤਾਂ ਹੇਠ ਲਿਖੇ ਅਨੁਸਾਰ ਹਨ:-

1. ਠੇਕੇ ਦਾ ਸਮਾਂ ਇਕ ਸਾਲ ਲਈ ਹੋਵੇਗਾ । ਇਹ ਠੇਕੇ ਖੁੱਲੀ ਬੋਲੀ ਰਾਹੀ ਨਿਲਾਮ ਕੀਤੇ ਜਾਣਗੇ।

2. ਮੌਕੇ ਤੇ ਬੋਲੀ ਮਨਸੂਖ ਕਰਨ ਜਾਂ ਮਨਜੂਰ ਕਰਨ ਦਾ ਪੂਰਾ ਅਧਿਕਾਰ ਹੋਵੇਗਾ ਅਤੇ ਅੰਤਿਮ ਬੋਲੀ ਦੀ ਘੋਸ਼ਣਾ ਘੱਟੋ-ਘਟ ਤਿੰਨ ਵਿਅਕਤੀਆਂ/ਬੋਲੀਕਾਰਾਂ ਦੇ ਹਸਤਾਖਰ ਹੋਣ ਉਪਰੰਤ ਕੀਤੀ ਜਾਵੇਗੀ।

3. ਠੇਕੇਦਾਰ ਵਲੋਂ ਬੋਲੀ ਦੇਣ ਤੋਂ ਪਹਿਲਾ Earnest Money (50,000/-) ਜਮ੍ਹਾਂ ਕਰਵਾਉਣੀ ਹੋਵੇਗੀ।

4. ਨਿਲਾਮੀ ਬੋਲੀ ਦੀ ਅੰਤਿਮ ਮਨਜੂਰੀ ਮਾਨਯੋਗ ਡਿਪਟੀ ਕਮਿਸ਼ਨਰ-ਕਮ-ਪ੍ਰੋਜੇਕਟ ਡਾਇਰੈਕਟ, ਅੰਮ੍ਰਿਤਸਰ ਜੀ ਦੀ ਪ੍ਰਵਾਨਗੀ ਤੋ ਬਾਅਦ ਹੀ ਠੇਕੇ ਤੇ ਕੰਮ ਕਰਨ ਦੀ ਪ੍ਰਵਾਨਗੀ ਦਿੱਤੀ ਜਾਵੇਗੀ।

5. ਠੇਕੇਦਾਰ ਨੂੰ ਸਫਾਈ ਅਤੇ ਰਸਤੇ ਆਦਿ ਦਾ ਪੂਰਾ ਧਿਆਨ ਰੱਖਣਾ ਪਵੇਗਾ ਅਤੇ ਠੇਕਾ ਅੱਗੇ ਸਬਲਿਟ ਨਹੀ ਕਰੇਗਾ। ਜੇਕਰ ਠੇਕਾ ਸਬਲਿਟ ਕੀਤਾ ਜਾਂਦਾ ਹੈ ਤਾਂ ਠੇਕਾ ਰੱਦ ਕਰ ਦਿੱਤਾ ਜਾਵੇਗਾ।

6. ਠੇਕੇਦਾਰ ਨੂੰ ਸਖਤ ਹਦਾਇਤ ਕੀਤੀ ਜਾਂਦੀ ਹੈ ਕਿ ਪਾਰਕਿੰਗ ਕੰਪਲੈਕਸ ਵਿੱਚ ਕਿਸੇ ਵੀ ਤਰ੍ਹਾਂ ਦੀ ਐਡਵਰਟਾਈਜਮੈਂਟ/ਪਬਲਿਸਟੀ ਨਹੀਂ ਕੀਤੀ ਜਾਵੇਗੀ ਅਤੇ ਪਾਰਕਿੰਗ ਕੰਪਲੈਕਸ ਤੋਂ ਬਾਹਰ ਵਹੀਕਲ ਖੜਾ ਨਹੀਂ ਕੀਤਾ ਜਾਵੇਗਾ , ਜੇਕਰ ਠੇਕੇਦਾਰ ਵੱਲੋਂ ਇਸ ਤਰ੍ਹਾਂ ਕੀਤਾ ਜਾਂਦਾ ਹੈ ਤਾਂ ਠੇਕਾ ਤੁਰੰਤ ਪ੍ਰਭਾਵ ਤੋਂ ਬਿਨਾਂ ਕਿਸੇ ਨੋਟਿਸ ਦਿੱਤੇ ਠੇਕਾ ਕੈਂਸਲ ਕਰ ਦਿੱਤਾ ਜਾਵੇਗਾ।

7. ਬੋਲੀ ਦੀ ਕਾਰਵਾਈ ਮੁਕੰਮਲ ਹੋਣ ਉਪਰੰਤ ਠੇਕੇ ਦੀ ਮੁਕੰਮਲ ਰਾਸ਼ੀ ਦਾ 25% ਹਿੱਸਾ ਮੌਕੇ ਤੇ ਹੀ ਜਮ੍ਹਾਂ ਕਰਾਉਣਾ ਪਵੇਗਾ। ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਸ ਵੱਲੋ ਦਿੱਤੀ ਗਈ ਸਕਿਊਰਟੀ ਰਾਸ਼ੀ ਜਬਤ ਕਰ ਲਈ ਜਾਵੇਗੀ ਅਤੇ ਅਗਲੇ ਉਚ ਬੋਲੀਕਾਰ ਵਾਲੇ ਦੇ ਨਾਮ ਤੇ ਠੇਕਾ ਮਨਜੂਰ ਕਰਨ ਦੀ ਪਹਿਲ ਅਸਟੇਟ ਅਫਸਰ,ਗਲਿਆਰਾ ਪ੍ਰੋਜੈਕਟ,ਅੰਮ੍ਰਿਤਸਰ ਵੱਲੋ ਦਿੱਤੀ ਜਾਵੇਗੀ।

8. ਠੇਕਾ ਜਿਸ ਵਿਅਕਤੀ ਦੇ ਨਾਮ ਤੇ ਮਨਜੂਰ ਹੋਵੇਗਾ ਉਸ ਨੂੰ ਬੋਲੀ ਦੀ ਪੂਰੀ ਰਾਸ਼ੀ ਦਾ 25% ਹਿੱਸਾ ਮੌਕੇ ਤੇ ਹੀ ਜਮ੍ਹਾਂ ਕਰਾਉਣਾ ਹੋਵੇਗਾ ਅਤੇ ਬਾਕੀ ਦਾ 75% ਹਿੱਸਾ ਤਿੰਨ ਬਰਾਬਰ ਕਿਸ਼ਤਾਂ ਤਿੰਨ ਮਹੀਨੇ ਖਤਮ ਹੋਣ ਤੋਂ 15 ਦਿਨ ਪਹਿਲਾ ਲਿਆ ਜਾਵੇਗਾ ।ਅਜਿਹਾ ਨਾ ਕਰਨ ਦੀ ਸੂਰਤ ਵਿੱਚ ਮਹਿਕਮੇ ਪਾਸੋ ਲੇਟ ਫ਼ੀਸ 9%ਵਿਆਜ ਨਾਲ ਵਸੂਲਣ ਯੋਗ ਹੋਵੇਗੀ।

09. ਠੇਕੇਦਾਰ ਕਿਸੇ ਨੂੰ ਵੀ ਭਾਈਵਾਲ ਨਹੀ ਰੱਖੇਗਾ ਅਤੇ ਠੇਕਾ ਇਕ ਵਿਅਕਤੀ ਦੇ ਨਾਮ ਹੋਵੇਗਾ ਇਸ ਸ਼ਰਤ ਦੀ ਉਲੰਘਣਾ ਪਾਏ ਜਾਣ ਤੇ ਠੇਕਾ ਬ੍ਰਿਨਾ ਕਿਸੇ ਨੋਟਿਸ ਦੇ ਦਿੱਤਿਆਂ ਰੱਦ ਕਰ ਦਿੱਤਾ ਜਾਵੇਗਾ ਅਤੇ ਪ੍ਰਵਾਨਤ ਬੋਲੀ ਦੀ ਰਾਸ਼ੀ ਵਿੱਚੋ ਬਕਾਇਆ ਰਹਿੰਦੀ ਰਕਮ ਉਸ ਪਾਸੋ ਬਤੌਰ ਭੌ ਮਾਲੀਆਂ ਵਸੂਲ ਕੀਤੀ ਜਾਵੇਗੀ। ਠੇਕੇਦਾਰ ਆਪਣੀ ਮਦਦ ਲਈ 18 ਸਾਲ ਤੋ ਘੱਟ ਉਮਰ ਦੇ ਬੱਚਿਆ ਨੂੰ ਕੰਮ ਲਈ ਨਹੀ ਰੱਖੇਗਾ।

10. ਉਹ ਵਿਅਕਤੀ ਕਿਸੇ ਵੀ ਮੱਦ ਦੀ ਬੋਲੀ ਦੇਣ ਦਾ ਹੱਕਦਾਰ ਨਹੀ ਹੋਵੇਗਾ ਜੋ ਪਹਿਲਾ ਸਰਕਾਰ ਦਾ ਬਾਕੀਦਾਰ ਹੋਵੇ।

11. ਅਚਾਨਕ ਜੰਗ/ਭੁਚਾਲ/ਹੜ੍ਹ ਕੋਵਿਡ-19 ਜਾਂ ਹੋਰ ਕੁਦਰਤੀ ਆਫਤਾਂ ਕਾਰਨ ਆਵਾਜਾਈ ਬੰਦ ਰਹਿੰਦੀ ਹੈ ਕਰੋਨਾ ਮਹਾਂਮਾਰੀ ਕਾਰਨ ਲਾਕਡਾਊਨ ਘੋਸ਼ੀਤ ਕੀਤਾ ਹੈ ਤਾਂ ਇਸ ਬੰਦੀ ਦੇ ਸਮੇ ਲਈ ਠੇਕੇਦਾਰ ਠੇਕੇ ਦੀ ਰਕਮ ਜਮ੍ਹਾਂ ਕਰਾਉਣ ਲਈ ਪਾਬੰਦ ਨਹੀ ਹੋਵੇਗਾ।

12. ਠੇਕੇਦਾਰ ਪਾਰਕਿੰਗ ਵਿੱਚ ਆਪਣੇ ਅਧੀਨ ਕੰਮ ਕਰਨ ਵਾਲੇ ਕਰਮਚਾਰੀਆਂ ਦੇ ਵੇਰਵਾ(ਨਾਮ ਮੋਬਾਇਲ ਨੰਬਰ ਆਦਿ) ਲਿਖਤੀ ਰੂਪ ਵਿੱਚ ਦੇਵੇਗਾ ਅਤੇ ਜੇਕਰ ਕਿਸ ਕਾਰਨ ਕਰਕੇ ਕਿਸੇ ਕਰਮਚਾਰੀ ਦਾ ਬਦਲਾਅ ਹੁੰਦਾ ਹੈ ਤਾਂ ਉਸ ਸਬੰਧੀ ਵੀ ਠੇਕੇਦਾਰ ਲਿਖ ਕੇ ਦੇਵੇਗਾ।

13. ਠੇਕੇਦਾਰ ਪਾਰਕਿੰਗ ਸਟੇਟ ਅੰਦਰ ਆਉਣ ਜਾਣ ਵਾਲੇ ਰਸਤੇ ਨੂੰ ਛੱਡ ਕੇ ਗੱਡੀਆਂ ਪਾਰਕਿੰਗ ਕਰਾਉਣ ਦਾ ਜਿੰਮੇਵਾਰ ਹੋਵੇਗਾ।

14. ਪਾਰਕਿੰਗ ਸਟੈਂਡ ਅੰਦਰ ਲੱਗੀ ਸੀ.ਸੀ.ਟੀ.ਵੀ. ਕੈਮਰੇ ਅੱਗ ਬੁਝਾਉ ਯੰਤਰ ,ਬਾਲਟੀਆਂ ਮਸ਼ੀਨਰੀ ਅਤੇ ਹੋਰ ਸਹੂਲਤਾਂ ਦੇ ਰੱਖ-ਰਖਾਵ ਸਬੰਧੀ ਠੇਕੇਦਾਰ ਪਾਰਕਿੰਗ ਜਿੰਮੇਵਾਰ ਹੋਵੇਗਾ ਅਤੇ ਇਸ ਸਪੱਤੀ ਨੂੰ ਹੋਏ ਨੁਕਸਾਨ ਦਾ ਵੀ ਪੂਰੀ ਤਰ੍ਹਾਂ ਜਿੰਮੇਵਾਰ ਹੋਵੇਗਾ। ਠੇਕੇਦਾਰ ਪਾਰਕਿੰਗ ਸਟੈਂਡ ਅੰਦਰ ਕਿਸੇ ਤਰ੍ਹਾਂ ਦੀ ਕੋਈ ਉਸਾਰੀ ਨਹੀ ਕਰ ਸਕਦਾ ।

15. ਠੇਕੇਦਾਰ ਪਾਰਕਿੰਗ ਸਟੈਂਡ ਆਪਣੇ ਠੇਕੇ ਦਾ ਕੰਮ ਆਪਣੀ ਹਦੂਦ ਅੰਦਰ ਨਿਰਧਾਰਤ ਜਗ੍ਹਾਂ ਤੇ ਹੀ ਕਰੇਗਾ। ਜੇਕਰ ਪਾਰਕਿੰਗ ਦੇ ਅੰਦਰ ਕੋਈ ਵਾਹਨ ਚੋਰੀ ਹੋ ਜਾਂਦੀ ਹੈ ਤਾਂ ਉਸਦੀ ਜਿੰਮੇਵਾਰੀ ਠੇਕੇਦਾਰ ਪਾਰਕਿੰਗ ਸਟੈਂਡ ਦੀ ਹੋਵੇਗੀ। ਇਸ ਦਾ ਦਫਤਰ ਨਾਲ ਕੋਈ ਸਬੰਧ ਨਹੀ ਹੈ।

16. ਠੇਕੇਦਾਰ ਪਾਰਕਿੰਗ ਸਟੈਂਡ ਨੂੰ ਚੰਗੀ ਤਰ੍ਹਾਂ ਨੋਟ ਕਰ ਲੈਣਾ ਚਾਹੀਦਾ ਹੈ ਜੋ ਵਿਅਕਤੀ ਉਸਦੇ ਠੇਕੇ ਦੀ ਹਦੂਦ ਅੰਦਰ ਵਾਹਨ ਖੜਾ ਕਰਦਾ ਹੈ ਉਸ ਤੋ ਹੀ ਉਸਨੇ ਵਾਹਨ ਦਾ ਕਿਰਾਇਆ ਵਸੂਲਣਾ ਹੈ ਠੇਕੇਦਾਰ ਪਾਰਕਿੰਗ ਸਟੈਂਡ ਆਪਣੇ ਠੇਕੇ ਦੀ ਹਦੂਦ ਅੰਦਰ ਪ੍ਰਸ਼ਾਸਨ ਵੱਲੋ ਨੀਯਤ ਕੀਤੀ ਗਈ ਫੀਸ ਹੀ ਵਸੂਲ ਕਰੇਗਾ ।ਆਮ ਜਨਤਾ ਦੇ ਵਹੀਕਲ ਪਾਰਕਿੰਗ ਸਟੈਂਡ ਅੰਦਰ ਲਗਵਾਉਣ ਦੀ ਜਿੰਮੇਵਾਰੀ ਠੇਕੇਦਾਰ ਦੀ ਹੋਵੇਗੀ। ਦਫਤਰ ਦਾ ਇਸ ਗੱਲ ਨਾਲ ਕੋਈ ਸਬੰਧ ਨਹੀ ਹੋਵੇਗਾ।

17. ਠੇਕੇਦਾਰ ਠੇਕੇ ਵਿੱਚ ਨਿਰਧਾਰਿਤ ਪਾਰਕਿੰਗ ਸਥਾਨਾਂ ਉਪਰ ਪਾਰਕਿੰਗ ਛਪਵਾਕੇ ਬੋਰਡ/ਫਲੈਕਸ ਲਗਾਉਣ ਦਾ ਜਿੰਮੇਵਾਰ ਹੋਵੇਗਾ। ਠੇਕੇਦਾਰ ਪਾਰਕਿੰਗ ਸਟੈਂਡ ਆਪਣੀ ਕੰਮ ਕਰਨ ਵਾਲੀ ਜਗ੍ਹਾਂ ਤੇ ਆਮ ਜਨਤਾ ਦੀ ਜਾਣਕਾਰੀ ਲਈ ਨਿਰਧਾਰਤ ਰੇਟਾਂ ਦੀ ਸੂਚੀ ਲਟਕਾਉਣ ਲਈ ਪਾਬੰਧ ਹੋਵੇਗਾ।

18. ਪਾਰਕਿੰਗ ਦੀ ਹਦੂਦ ਅੰਦਰ ਵਹੀਕਲ ਖੜੇ ਕਰਨ ਦਾ ਕਿਰਾਇਆ ਹੇਠ ਲਿਖੇ ਅਨੁਸਾਰ ਹੋਵੇਗਾ:-

| ਲੜੀ ਨੰ: | ਮੱਦ | ਪਾਰਕਿੰਗ ਰੇਟ |
|---|---|---|
| 1 | ਸਾਇਕਲ | 10/-ਰੁਪਏ |
| 2 | ਸਕੂਟਰ/ਮੋਟਰ ਸਾਇਕਲ | 15/- ਰੁਪਏ |
| 3 | ਕਾਰ/ਥ੍ਰੀ ਵਹੀਲਰ ਅਤੇ ਹੋਰ | 30/-ਰੁਪਏ |

19. ਜੇਕਰ ਠੇਕੇਦਾਰ ਪਾਰਕਿੰਗ ਸਟੈਂਡ ਠੇਕਾ ਮਿਆਦ ਤੋ ਪਹਿਲਾਂ ਛੱਡ ਕੇ ਜਾਂਦਾ ਹੈ ਤਾਂ ਠੇਕੇਦਾਰ ਪਾਰਕਿੰਗ ਸਟੈਂਡ ਦੀ ਸਕਿਊਰਟੀ ਵੱਜੋ ਜਮ੍ਹਾਂ ਰਕਮ ਜਬਤ ਕਰ ਲਈ ਜਾਵੇਗੀ ਅਤੇ ਠੇਕੇਦਾਰ ਤੇ ਠੇਕੇ ਦੀ ਕੁੱਲ ਰਕਮ 18% ਵਿਆਜ ਵਸੂਲ ਕੀਤਾ ਜਾਵੇਗਾ।ਠੇਕੇਦਾਰ ਵੱਲੋ ਸ਼ਰਤਾਂ ਦੀ ਉਲੰਘਣਾ ਬਾਰੇ ਡਿਪਟੀ ਕਮਿਸ਼ਨਰ,ਅੰਮ੍ਰਿਤਸਜਰ ਜਾਂ ਉਹਨਾ ਵੱਲ' ਲਿਆ ਗਿਆ ਫੈਸਲਾ ਆਖਰੀ ਹੋਵੇਗਾ । ਠੇਕੇਦਾਰ ਦੇ ਕਸੂਰ/ਵਜ੍ਹਾਂ ਜਾਂ ਠੇਕੇ ਦੀ ਨਿਰਧਾਰਤ ਸ਼ਰਤਾਂ ਦੀ ਉਲੰਘਣਾ ਕਰਨ ਕਾਰਨ ਜੇਕਰ ਠੇਕਾ ਦੁਬਾਰਾ ਨਿਲਾਮ ਕੀਤਾ ਜਾਂਦਾ ਹੈ ਤਾਂ ਠੇਕੇਦਾਰ ਪਾਸੋ ਸਰਕਾਰ ਨੂੰ ਹੋਣ ਵਾਲੇ ਘਾਟੇ ਦੀ ਰਕਮ ਵਸੂਲ ਕੀਤੀ ਜਾਵੇਗੀ।

20. ਠੇਕੇਦਾਰ ਪਾਰਕਿੰਗ ਸਟੈਂਡ ਨੂੰ ਚੰਗੀ ਤਰ੍ਹਾ ਨੋਟ ਕਰ ਲੈਣਾ ਚਾਹੀਦਾ ਹੈ ਕਿ ਪਾਰਕਿੰਗ ਕੰਪਲੈਕਸ ਠੇਕੇ ਤੇ as is where is basis ਤੇ ਦਿੱਤਾ ਜਾਵੇਗਾ ਅਤੇ ਠੇਕੇਦਾਰ ਮੌਕੇ ਨੂੰ ਚੰਗੀ ਤਰ੍ਹਾਂ ਦੇਖ ਕੇ ਬੋਲੀ ਦਿੱਤੀ ਜਾਵੇ।

ਉਪਰੋਕਤ ਸਾਰੀਆਂ ਸ਼ਰਤਾਂ ਮੌਜੂਦਾ ਬੋਲੀਕਾਰ/ਠੇਕੇਦਾਰ ਨੂੰ ਪ੍ਰਵਾਨ ਕਰਨੀਆਂ ਹੋਣਗੀਆਂ ਅਤੇ ਜੇਕਰ ਠੇਕੇਦਾਰ ਉਕਤ ਸ਼ਰਤਾਂ ਦੀ ਉਲੰਘਣਾ ਕਰਦਾ ਪਾਇਆ ਜਾਂਦਾ ਹੈ ਤਾਂ ਉਸ ਦੀ ਠੇਕੇਦਾਰੀ ਤਰੁੰਤ ਮਾਨਯੋਗ ਡਿਪਟੀ ਕਮਿਸ਼ਨਰ,ਅੰਮ੍ਰਿਤਸਰ ਜੀ ਵੱਲੋ ਰੱਦ ਕਰ ਦਿੱਤੀ ਜਾਵੇਗੀ ਅਤੇ ਠੇਕੇਦਾਰ ਦਾ ਕੋਈ

ਉਜਰ ਨਹੀ ਸੁਣਿਆ ਜਾਵੇਗਾ ਅਤੇ ਨਾਂ ਹੀ ਠੇਕੇਦਾਰ ਨੂੰ ਕਿਸੇ ਕਿਸਮ ਦਾ ਕੋਈ ਹਰਜਾਨਾ ਦਿੱਤਾ ਜਾਵੇਗ। ਠੇਕੇ ਦੀ ਬਕਾਇਆ ਦੀ ਰਹਿੰਦੀ ਰਾਸ਼ੀ ਠੇਕੇਦਾਰ ਪਾਸੋ ਵਸੂਲ ਕੀਤੀ ਅਤੇ ਉਸ ਵਿਰੁੱਧ ਸ਼ਖਤ ਕਾਰਵਾਈ ਕੀਤੀ ਜਾਵੇਗੀ।

2) ਰਾਖਵੀ ਅਤੇ ਰਿਜਰਵ ਕੀਮਤ :

| **Sr.No.** | **Description of work** | **Reserve Rate P.Year+GST extra** | **Earnest Money** | **Rate to be quoted by the agency on per month basis+GST extra** |
|---|---|---|---|---|
| 1 | Car Scooter parking , Galiara Project, Amritsar for 1 year. | 13.33 lac | 0.50 Lac | |

ਸਹੀ/-
ਡਿਪਟੀ ਕਮਿਸ਼ਨਰ-ਕਮ
ਪ੍ਰੋਜੈਕਟ ਡਾਇਰੈਕਟਰ,
ਗਲਿਆਰਾ ਪ੍ਰੋਜੈਕਟ,
ਅੰਮ੍ਰਿਤਸਰ।